# ਮੋਅਜਜ਼ਿਆਂ ਨਾਲ ਖ਼ੁਦਾ ਦੇ ਵਚਨ ਦੀ ਤਸਦੀਕ ਹੁੰਦੀ ਹੈ

ਖ਼ੁਦਾ ਵੱਲੋਂ ਮੋਅਜਜ਼ਿਆਂ ਦੀ ਅਨੂਠੀ ਵਰਤੋਂ ਦੀ ਕਿਸੇ ਵੀ ਘਟਨਾ ਵਿਚ ਕਿਸੇ ਨੂੰ ਵੀ ਮੋਅਜਜ਼ਿਆਂ ਨਾਲ ਪਾਪਾਂ ਦੀ ਮਾਫ਼ੀ ਨਹੀਂ ਮਿਲੀ! ਖ਼ੁਦਾ ਨੇ ਮੋਅਜਜ਼ਿਆਂ ਦੀ ਵਰਤੋਂ ਮੁਕਤੀ ਦੇਣ ਲਈ ਕਦੇ ਨਹੀਂ ਕੀਤੀ।

ਮੋਅਜਜ਼ਿਆਂ ਦੀ ਵਰਤੋਂ ਬਗ਼ੈਰ ਕਿਸੇ ਵਿਰੋਧ ਦੇ ਉਨ੍ਹਾਂ ਲੋਕਾਂ ਦੇ ਮਨਾਂ ਤਕ ਖ਼ੁਦਾ ਦੇ ਵਚਨ ਨੂੰ ਪਹੁੰਚਾਉਣ ਲਈ ਕੀਤੀ ਗਈ ਜਿਨ੍ਹਾਂ ਨੇ ਉਨ੍ਹਾਂ ਨੂੰ ਵੇਖਿਆ ਸੀ। ਮੋਅਜਜ਼ਿਆਂ ਨਾਲ ਕਦੇ ਕਿਸੇ ਦਾ ਮਨ ਨਹੀਂ ਬਦਲਿਆ ਬਲਕਿ ਲੋਕਾਂ ਦੇ ਮਨ ਖ਼ੁਦਾ ਵੱਲੋਂ ਆਏ ਸੱਚਿਆਈ ਦੇ ਵਚਨ ਨਾਲ ਹੀ ਬਦਲੇ। ਬਾਈਬਲ ਦੇ ਵਿਦਿਆਰਥੀਆਂ ਦੀ ਇਹ ਸੋਚ ਹੋ ਸਕਦੀ ਹੈ ਕਿ ਬਾਈਬਲ ਦੇ ਇਤਿਹਾਸ ਵਿਚ ਹਰ ਥਾਂ ਮੋਅਜਜ਼ਿਆਂ ਦੀ ਵਰਤੋਂ ਹੁੰਦੀ ਰਹੀ ਹੈ। ਇਹਦੇ ਉਲਟ ਅਸਲ 'ਚ ਮੋਅਜਜ਼ਿਆਂ ਨਾਲ ਤਿੰਨ ਵੱਡੇ ਯੁਗਾਂ ਵਿਚ ਜਿਨ੍ਹਾਂ ਨੂੰ ਆਸਾਨੀ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਮਨੁੱਖ ਨਾਲ ਖ਼ੁਦਾ ਦੇ ਵਿਹਾਰ ਦੀ ਅਹਿਮ ਭੂਮਿਕਾ ਬੱਝੀ ਸੀ।

(1) ਮੂਸਾ ਦੇ ਵਕਤ ਅਤੇ ਸੇਵਕਾਈ ਦੇ ਦੌਰਾਨ ਉਨ੍ਹਾਂ ਸਭ ਮੋਅਜਜ਼ਿਆਂ ਨੂੰ ਯਾਦ ਕਰੋ ਜਿਨ੍ਹਾਂ ਦੀ ਵਰਤੋਂ ਖ਼ੁਦਾ ਨੇ ਕੀਤੀ ਸੀ। ਅਬਰਾਹਾਮ ਦੇ ਸਮੇਂ ਤੋਂ ਲੈ ਕੇ ਯਹੋਸ਼ੁਆ ਦੀ ਰਹਿਨੁਮਾਈ ਵਿਚ ਕਨਾਨ ਵਿਚ ਫ਼ਤਹਿ ਦੀ ਸ਼ੁਰੂਆਤ ਤੋਂ ਅਤੇ ਇਸਰਾਏਲ ਦੀ ਕਾਇਮੀ ਲਈ ਮੋਅਜਜ਼ਿਆਂ ਨਾਲ ਅਧਾਰ ਬਣਿਆ। ਬਹੁਤ ਸਾਰੇ ਮੋਅਜਜ਼ੇ ਇਸ ਸਮੇਂ ਲਿਖੇ ਗਏ ਹਨ। ਵਾਅਦੇ ਦੇ ਕੇ ਦੇਸ਼ ਵਿਚ ਕਬਜਾ ਮਿਲਣ ਦੇ ਛੇਤੀ ਬਾਅਦ, ਮੋਅਜਜ਼ੇ ਹੋਣੇ ਬੰਦ ਹੋ ਗਏ।

(2) ਮੋਅਜਜ਼ਿਆਂ ਦਾ ਦੂਜੀ ਵਾਰ ਹੋਣਾ ਨਬੀਆਂ ਵੇਲੇ ਹੋਇਆ। ਏਲੀਆਹ, ਅਲੀਸ਼ਾ, ਯਸਾਯਾਹ, ਦਾਨੀਏਲ, ਹਿਜ਼ਕੀਏਲ ਅਤੇ ਹੋਰ ਨਬੀਆਂ ਦੇ ਸਮੇਂ ਖ਼ੁਦਾ ਨੇ ਬਹੁਤ ਸਾਰੇ ਨਿਸ਼ਾਨ ਅਤੇ ਅਚੰਭੇ ਕੰਮ ਕੀਤੇ। ਪੁਰਾਣੇ ਨੇਮ ਦੇ ਇਤਿਹਾਸ ਦੇ ਆਖ਼ਰੀ ਹਿੱਸੇ ਵਿਚ ਆਉਂਦੇ-ਆਉਂਦੇ ਗ਼ੁਲਾਮੀ ਵੇਲੇ ਮੋਅਜਜ਼ੇ ਫੇਰ ਘਟਣੇ ਸ਼ੁਰੂ ਹੋ ਗਏ।

(3) ਮੋਅਜਜ਼ਿਆਂ, ਨਿਸ਼ਾਨਾਂ ਅਤੇ ਅਚੰਭੇ ਕੰਮਾਂ ਦਾ ਤੀਜਾ ਸ਼ਾਨਦਾਰ ਪ੍ਰਵਾਹ ਭਾਵ ਆਰੰਭ ਯਿਸੂ ਅਤੇ ਰਸੂਲਾਂ ਦੀ ਸੇਵਕਾਈ ਨਾਲ ਹੋਇਆ। ਉਹਦੇ ਜੀਵਨ ਅਤੇ ਸੇਵਕਾਈ ਦੌਰਾਨ ਬਹੁਤ ਸਾਰੇ ਮੋਅਜਜ਼ਿਆਂ ਨਾਲ ਇਹ ਸਾਬਤ ਕਰਨ ਵਿਚ ਮਦਦ ਮਿਲੀ ਕਿ ਉਹ ਹੀ ਵਾਅਦਾ ਕੀਤਾ ਹੋਇਆ ਮਸੀਹ ਭਾਵ ਖ਼ੁਦਾ ਦਾ ਬੇਟਾ ਹੈ। ਇੰਜੀਲ ਦੇ ਰੋਮੀ ਹਕੂਮਤ ਤੋਂ ਅੱਗੇ ਵਧਣ ਅਤੇ ਪਵਿੱਤਰ ਆਤਮਾ ਦੀ ਪ੍ਰੇਰਨਾ ਪਾਏ ਹੋਏ ਲੋਕਾਂ ਵੱਲੋਂ ਨਵੇਂ ਨੇਮ ਦੀਆਂ ਕਿਤਾਬਾਂ ਲਿਖਣ ਦੇ ਨਾਲ ਹੀ ਮੋਅਜਜ਼ੇ ਹੋਣੇ ਘਟ ਗਏ। ਅਸਲ 'ਚ ਬਾਅਦ ਦੇ ਸਾਲਾਂ ਵਿਚ[1] ਲਿਖੀਆਂ ਗਈਆਂ ਨਵੇਂ ਨੇਮ ਦੀਆਂ ਕਿਤਾਬਾਂ ਵਿਚ ਮੁਸ਼ਕਿਲ ਨਾਲ ਹੀ ਨਿਸ਼ਾਨਾਂ ਅਤੇ ਅਚੰਭੇ ਕੰਮਾਂ

ਦੀਆਂ ਘਟਨਾਵਾਂ ਜਾਂ ਸਿੱਖਿਆਵਾਂ ਦਾ ਜ਼ਿਕਰ ਮਿਲਦਾ ਹੈ।

ਇਨ੍ਹਾਂ ਤਿੰਨ ਕਾਲਾਂ ਦੇ ਬਾਅਦ ਕਿਤੇ-ਕਿਤੇ ਮੋਅਜਜ਼ੇ ਹੋਏ, ਪਰ ਮੋਅਜਜ਼ਿਆਂ ਦੀ ''ਮੋਹਲੇਧਾਰ ਬਾਰਿਸ਼'' ਸਿਰਫ਼ ਇਨ੍ਹਾਂ ਤਿੰਨਾਂ ਕਾਲਾਂ ਵਿਚ ਹੀ ਹੋਈ। ਇਨ੍ਹਾਂ ਤਿੰਨਾਂ ਕਾਲਾਂ ਵਿਚ ਖ਼ੁਦਾ ਆਪਣਾ ਵਚਨ ਦੁਨੀਆਂ ਵਿਚ ਜ਼ਾਹਿਰ ਕਰ ਰਿਹਾ ਸੀ। ਜਗਤ ਵਿਚ ਸੱਚਿਆਈ ਦੇ ਪ੍ਰਕਾਸ਼ ਨਾਲ ਮੋਅਜਜ਼ਿਆਂ ਦਾ ਜੋੜ ਕੋਈ ਅਚਾਨਕ ਨਹੀਂ ਸੀ। ਬਾਈਬਲ ਦੇ ਵਿਦਿਆਰਥੀ ਅੱਜ ਇਹ ਵੇਖਣ ਲਈ ਕਿ ਖ਼ੁਦਾ ਨੇ ਸੱਚਿਆਈ ਦੇ ਆਪਣੇ ਵਚਨ ਜੋ ਜ਼ਾਹਰ ਕੀਤੇ ਜਾ ਰਹੇ ਸਨ, ਉਨ੍ਹਾਂ ਦੀ ਵਰਤੋਂ ਦੇ ਢੰਗ ਦੇ ਇਤਿਹਾਸ ਤੇ ਦੂਰਬੀਨੀ ਨਜ਼ਰ ਪਾ ਸਕਦੇ ਹਨ। (1) ਮੂਸਾ ਨੂੰ ਸ਼ਰ੍ਹਾ ਦਿੱਤੀ ਗਈ, (2) ਨਬੀਆਂ ਨੂੰ ਹੋਰ ਮੁਕਾਸ਼ਫ਼ੇ ਦਿੱਤੇ ਗਏ ਜੋ ਮਸੀਹ ਦੇ ਰਾਹੀਂ ਆਉਣ ਵਾਲੀ ਮੁਕਤੀ ਵੱਲ ਇਸ਼ਾਰਾ ਕਰਦੇ ਸਨ, ਅਤੇ (3) ਯਿਸੂ ਅਤੇ ਉਹਦੇ ਰਸੂਲ ਆਖ਼ਰੀ ਅਤੇ ਮੁਕੰਮਲ ਮੁਕਾਸ਼ਫ਼ਾ ਭਾਵ ਯਿਸੂ ਦੀ ਖ਼ੁਸ਼ਖ਼ਬਰੀ ਜਾਂ ਇੰਜੀਲ ਲੈ ਕੇ ਆਏ। ਇਸ ਅਧਿਐਨ ਵਿਚ ਨਵੇਂ ਨੇਮ ਵਿਚ ਯਿਸੂ ਦੀ ਸੇਵਕਾਈ ਅਤੇ ਕਲੀਸੀਆ ਦੇ ਮੁੱਢਲੇ ਦਿਨਾਂ ਦੇ ਬ੍ਰਿਤਾਂਤ ਵਿਚ ਮੋਅਜਜ਼ਿਆਂ ਦੇ ਤੀਸਰੀ ਮੋਹਲੇਧਾਰ ਬਾਰਿਸ਼ 'ਤੇ ਧਿਆਨ ਲਾਇਆ ਜਾਵੇਗਾ।

## ਮੋਅਜਜ਼ਿਆਂ ਦਾ ਵਾਅਦਾ

ਯਿਸੂ ਨੇ ਇਕ ਛੋਟੇ ਜਿਹੇ ਦੇਸ਼ ਫ਼ਲਸਤੀਨ ਵਿਚ ਸਿਰਫ਼ ਸਾਡੇ ਕੁ ਤਿੰਨ ਸਾਲ ਸਿੱਖਿਆ ਦਿੱਤੀ। ਉਹਨੇ ਸਿੱਖਿਆਵਾਂ ਨੂੰ ਕਬੂਲ ਕਰਨ ਅਤੇ ਭਵਿੱਖ ਦੇ ਕੰਮ ਕਰਨ ਲਈ ਬਾਰਾਂ ਆਦਮੀ ਚੁਣੇ। ਉਹਨੇ ਕਿਹਾ ਕਿ ਉਹ ਉਨ੍ਹਾਂ ਨੂੰ ਇਕੱਲੇ ਨਹੀਂ ਛੱਡੇਗਾ ਸਗੋਂ ਇਸ ਧਰਤੀ ਤੋਂ ਜਾਣ ਦੇ ਬਾਅਦ ਉਹ ਉਨ੍ਹਾਂ ਦੀ ਮਦਦ ਲਈ ਇਕ ਸਹਾਇਕ ਭੇਜੇਗਾ ਜਿਸ ਨੂੰ ਪਵਿੱਤਰ ਆਤਮਾ ਆਖਿਆ ਜਾਵੇਗਾ (ਯੂਹੰਨਾ 14:25, 26)। ਇਸ ਸ਼ਖ਼ਸ ਨੇ ਉਨ੍ਹਾਂ ਨੂੰ ਉਹਦੀਆਂ ਸਭ ਸਿੱਖਿਆਵਾਂ ਯਾਦ ਕਰਨ ਵਿਚ ਮਦਦ ਕਰਨੀ ਸੀ, ਕਿਉਂਕਿ ਉਹ ਓਸੇ ਤਰ੍ਹਾਂ ਅਤੇ ਸਹੀ-ਸਹੀ ਉਨ੍ਹਾਂ ਸਭ ਗੱਲਾਂ ਨੂੰ ਯਾਦ ਨਹੀਂ ਰੱਖ ਸਕਦੇ ਸਨ ਜੋ ਤਿੰਨ ਸਾਲਾਂ ਦੌਰਾਨ ਯਿਸੂ ਤੋਂ ਸੁਣੀਆਂ ਸਨ।

ਸਹਾਇਕ ਨੇ ਉਨ੍ਹਾਂ ਨੂੰ ਖ਼ੁਦਾ ਦੇ ਬਾਕੀ ਮੁਕਾਸ਼ਫ਼ੇ ਬਾਰੇ ਵੀ ਦੱਸਣਾ ਸੀ। ਆਤਮਾ ਨੇ ਉਨ੍ਹਾਂ ਦੀ ਰੂਹਾਨੀ ਸਿੱਖਿਆ ਪੂਰੀ ਕਰਨੀ ਸੀ। ਯਿਸੂ ਨੇ ਰਸੂਲਾਂ ਨੂੰ ਸਭ ਕੁਝ ਪਹਿਲਾਂ ਨਹੀਂ ਦੱਸਿਆ ਸੀ (ਯੂਹੰਨਾ 16:4) ਕਿਉਂਕਿ ਉਹ ਉਸ ਵਕਤ ਇਸ ਪੂਰੇ ਮੁਕਾਸ਼ਫ਼ੇ ਨੂੰ ਸਹਾਰ ਨਹੀਂ ਸਕਦੇ ਸਨ (ਯੂਹੰਨਾ 16:12)। ਉਹਨੇ ਉਨ੍ਹਾਂ ਸਿੱਖਿਆਵਾਂ ਦੀ ਭੂਮਿਕਾ ਲਈ ਜੋ ਉਸ ਵਕਤ ਰਸੂਲਾਂ ਲਈ ਬਹੁਤ ਗਹਿਰੀਆਂ ਸਨ, ''ਬੁਝਾਰਤਾਂ'' (ਯੂਹੰਨਾ 16:25) ਦੀ ਵਰਤੋਂ ਕੀਤੀ। ਬਾਅਦ ਵਿਚ ਸਹੀ ਮੌਕਾ ਆਉਣ 'ਤੇ ਆਰੰਭਿਕ ਚੇਲਿਆਂ ਨੂੰ ਹੋਰ ਸਿੱਖਿਆਵਾਂ ਦੇਣ ਲਈ ਉਨ੍ਹਾਂ ਦੀ ਲੋੜ ਮੁਤਾਬਕ ਆਤਮਾ ਨੇ ਉਨ੍ਹਾਂ ਲਈ ਖ਼ੁਦਾ ਦਾ ਵਚਨ ਲਿਆਉਣਾ ਸੀ।

ਇਨ੍ਹਾਂ ਵਾਅਦਿਆਂ ਨਾਲ ਯਿਸੂ ਨੇ ਕਿਹਾ ਕਿ ''ਨਿਹਚਾ ਕਰਨ ਵਾਲਿਆਂ'' (ਮਰਕੁਸ 16:17) ਵਿਚ ਨਿਸ਼ਾਨ ਹੋਣਗੇ। ਇਨ੍ਹਾਂ ਨਿਸ਼ਾਨਾਂ ਨਾਲ ਇਹ ਤਸਦੀਕ ਹੋਣੀ ਸੀ ਕਿ ਉਹ ਕੀ ਸਿਖਾ ਰਹੇ ਹਨ ਤਾਂ ਜੋ ਸੁਣਨ ਵਾਲਿਆਂ ਨੂੰ ਪਤਾ ਲੱਗ ਜਾਵੇ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਖ਼ੁਦਾ ਵੱਲੋਂ ਹੀ ਸਨ। ਇਨ੍ਹਾਂ ਨਿਸ਼ਾਨਾਂ ਵਿਚ ਬਦਰੂਹਾਂ ਕੱਢਣਾ, ਪਰਾਈਆਂ ਭਾਖਿਆਵਾਂ ਬੋਲਣਾ, ਸੱਪਾਂ ਦੇ ਕੱਟਣ ਜਾ ਜ਼ਹਿਰ ਪੀਣ ਨਾਲ ਵੀ ਕੁਝ ਨੁਕਸਾਨ ਨਾ ਹੋਣਾ ਅਤੇ ਚਮਤਕਾਰੀ ਢੰਗ ਨਾਲ ਬੀਮਾਰ ਲੋਕਾਂ ਨੂੰ ਚੰਗਾ ਕਰਨਾ ਸ਼ਾਮਿਲ ਸੀ (ਮਰਕੁਸ 16:17, 18)।

ਬਾਈਬਲ ਦੇ ਬਹੁਤ ਸਾਰੇ ਵਿਦਿਆਰਥੀ ਇਸ ਤੱਥ ਤੋਂ ਖੁੰਝ ਜਾਂਦੇ ਹਨ ਕਿ ਮਰਕੁਸ ਨੇ

ਬਿਲਕੁਲ ਉਹੀ ਲਿਖਿਆ ਕਿ ਕਿਵੇਂ ਇਨ੍ਹਾਂ ਮੋਅਜਜ਼ਿਆਂ ਦੀ ਵਰਤੋਂ ਹੋਈ! ਉਨ੍ਹਾਂ ਦੀ ਵਰਤੋਂ ਕਿਸੇ ਵੀ ਢੰਗ ਨਾਲ ਉਵੇਂ ਨਹੀਂ ਹੋਈ ਜਿਵੇਂ ਅੱਜ ਮਾਡਰਨ ''ਚਮਤਕਾਰ ਕਰਨ ਵਾਲੇ'' ਕਰਨ ਦਾ ਦਾਅਵਾ ਕਰਦੇ ਹਨ। ਸਗੋਂ ਮਰਕੁਸ 16:20 ਦੱਸਦਾ ਹੈ ਕਿ ਇਹ ਨਿਸ਼ਾਨ ਲਗਾਤਾਰ ਖ਼ੁਦਾ ਦੇ ਪਰਗਟ ਕੀਤੇ ਵਚਨ ਦੀ ਤਸਦੀਕ ਕਰਨ ਲਈ ਵਰਤੇ ਗਏ ਸਨ।

## ਮੋਅਜਜ਼ਿਆਂ ਦਾ ਮਕਸਦ

### ਖ਼ੁਦਾ ਦੇ ਵਚਨ ਦੀ ਤਸਦੀਕ ਕਰਨਾ

ਇਨਾਂ ਨਿਸ਼ਾਨਾਂ ਦੇ ਬਾਅਦ ਰਸੂਲਾਂ ਦੀ ਸਿੱਖਿਆ ਦਾ ਕੰਮ ਹੋਇਆ, ਜਿਸ ਨਾਲ ਜਿਵੇਂ ਕਿ ਰਸੂਲਾਂ ਦੇ ਕੰਮ ਕਿਤਾਬ ਵਿਚ ਖ਼ਾਸ ਤੌਰ 'ਤੇ ਧਿਆਨ ਦਿੱਤਾ ਗਿਆ ਹੈ, ਸਾਨੂੰ ਖ਼ੁਦਾ ਵੱਲੋਂ ਕੀਤੇ ਗਏ ਮੋਅਜਜ਼ਿਆਂ ਦੀ ਵਰਤੋਂ ਦੀ ਸਮਝ ਆ ਜਾਣੀ ਚਾਹੀਦੀ ਹੈ। ਇਹ ਅਚੰਭੇ ਕੰਮ ਮਨ-ਪਰਚਾਵੇ ਲਈ, ਸੁਣਨ ਵਾਲਿਆਂ ਨੂੰ ਦੰਗ ਕਰਨ ਲਈ, ਇਨ੍ਹਾਂ ਨੂੰ ਕਰ ਸਕਣ ਵਾਲਿਆਂ ਦੀ ਆਕੜ ਵਧਾਉਣ ਲਈ, ਹਕੂਮਤਾਂ ਲਈ ਪੈਸਾ ਇਕੱਠਾ ਕਰਨ ਜਾਂ ਸਿਰਫ਼ ਬੀਮਾਰਾਂ ਲਈ ਮਦਦ ਕਰਨ ਲਈ ਨਹੀਂ ਕੀਤੇ ਗਏ।

ਹਰ ਘਟਨਾ ਵਿਚ ਖ਼ੁਦਾ ਵੱਲੋਂ ਸੱਚਿਆਈ ਦੇ ਪ੍ਰਕਾਸ਼ ਨਾਲ ਰੂਹਾਨੀ ਸ਼ਕਤੀਆਂ ਸਨ। ਰਸੂਲਾਂ ਵੱਲੋਂ ਮਸੀਹ ਦੀ ਖ਼ੁਸ਼ਖ਼ਬਰੀ ਦੀਆਂ ਨਵੀਆਂ ਸੱਚਿਆਈਆਂ ਪਾਉਣ ਅਤੇ ਸਿਖਾਉਣ ਦੇ ਨਾਲ-ਨਾਲ ਅਜਿਹੇ ਕੰਮ ਕੀਤੇ ਗਏ ਜੋ ਕੁਦਰਤੀ ਜਗਤ ਵਿਚਲੇ ਕੰਮਾਂ ਨਾਲੋਂ ਬਹੁਤ ਉੱਪਰ ਸਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਨ੍ਹਾਂ ਨੂੰ ਖ਼ੁਦਾ ਵੱਲੋਂ ਸ਼ਕਤੀ ਮਿਲੀ ਸੀ ਅਤੇ ਉਨ੍ਹਾਂ ਦੀ ਸਿੱਖਿਆ ਖ਼ੁਦਾ ਵੱਲੋਂ ਸੀ।

ਨਿਸ਼ਾਨ ਯਿਸੂ ਵਿਚ ਖ਼ੁਦਾ ਦੇ ਬੇਟੇ ਦੇ ਤੌਰ 'ਤੇ ਵਿਸ਼ਵਾਸ ਪੈਦਾ ਕਰਨ ਲਈ ਵਿਖਾਏ ਗਏ ਸਨ। ਯੂਹੰਨਾ ਨੇ ਦੱਸਿਆ ਕਿ ਉਹਦੀ ਕਿਤਾਬ ਇਸ ਲਈ ਲਿਖੀ ਗਈ ''ਤਾਂ ਜੋ ਤੁਸੀਂ ਨਿਹਚਾ ਕਰੋ'' (ਯੂਹੰਨਾ 20:30, 31)। ਕਿਸੇ ਮੋਅਜਜ਼ੇ ਨੂੰ ਵੇਖ ਕੇ ਇਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਸੀ ਕਿ ਯਿਸੂ ਖ਼ੁਦਾ ਦਾ ਬੇਟਾ ਹੈ, ਜਦ ਤਕ ਕੋਈ ਰਸੂਲ ਸੁਣਾਉਂਦਾ ਨਾ। ਮੋਅਜਜ਼ੇ ਇੰਜੀਲ ਦੀ ਸਿੱਖਿਆ ਦੇ ਸਬੂਤ ਲਈ ਸਾਖੀ ਸਨ।

ਇੰਜੀਲ ਦੀ ਇਹ ਨਵੀਂ ਗੱਲ ਪਹਿਲਾਂ ਪ੍ਰਭੂ ਨੇ ਦੱਸੀ ਅਤੇ ਫਿਰ ਰਸੂਲਾਂ ਨੇ ਉਹਦੀ ਤਸਦੀਕ ਕੀਤੀ। ਅਖ਼ੀਰ ਵਿਚ ਖ਼ੁਦਾ ਨੇ ਆਪਣੀ ਮਰਜ਼ੀ ਮੁਤਾਬਕ ਨਿਸ਼ਾਨਾਂ, ਅਚੰਭੇ ਕੰਮਾਂ, ਮੋਅਜਜ਼ਿਆਂ ਅਤੇ ਪਵਿੱਤਰ ਆਤਮਾ ਦੇ ਦਾਨ ਦੇਣ ਨਾਲ ਇਨ੍ਹਾਂ ਸੱਚਿਆਈਆਂ ਦੀ ਤਸਦੀਕ ਕੀਤੀ (ਇਬਰਾਨੀਆਂ 2:3, 4)।

### ਸਿੱਖਿਆਵਾਂ ਵਿਚ ਸਹਿਮਤੀ ਵਿਖਾਉਣ ਲਈ

ਰਸੂਲ ਇਕ ਦੂਜੇ ਦਾ ਵਿਰੋਧ ਨਹੀਂ ਕਰਦੇ ਸਨ ਕਿਉਂਕਿ ਉਹ ਸਿਰਫ਼ ਉਨ੍ਹਾਂ ਸੱਚਿਆਈਆਂ ਦਾ ਪ੍ਰਚਾਰ ਕਰਦੇ ਸਨ ਜੋ ਖ਼ੁਦਾ ਵੱਲੋਂ ਉਨ੍ਹਾਂ 'ਤੇ ਜ਼ਾਹਿਰ ਕੀਤੀਆਂ ਗਈਆਂ ਸਨ। ਜੇ ਰਸੂਲਾਂ ਨੂੰ ਮੋਅਜਜ਼ੇ ਕਰਨ ਲਈ ਖ਼ੁਦਾ ਵੱਲੋਂ ਸ਼ਕਤੀ ਮਿਲੀ ਸੀ ਤਾਂ ਉਨ੍ਹਾਂ ਦੀਆਂ ਸਿੱਖਿਆਵਾਂ ਵੀ ਖ਼ੁਦਾ ਵੱਲੋਂ ਸਨ, ਜੋ ਹੁਣ ਦਿੱਤੀਆਂ ਜਾ ਰਹੀਆਂ ਹਨ। ਅਸਲ 'ਚ ਯਿਸੂ ਨੇ ਪਹਿਲਾਂ ਵਾਅਦਾ ਕੀਤਾ ਸੀ ਕਿ ''ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਉੱਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ''

(ਮੱਤੀ 18:20)। ਇਸ ਸੰਦਰਭ ਦੀ ਬਿਲਕੁਲ ਉਵੇਂ ਹੀ ਵਰਤੋਂ ਕਰਨ 'ਤੇ ਪਤਾ ਲਗਦਾ ਹੈ ਕਿ ਹਰ ਰਸੂਲ ਨੂੰ ''ਸਵਰਗ ਦੇ ਰਾਜ ਦੀਆਂ ਕੁੰਜੀਆਂ'' ਮਿਲੀਆਂ ਸਨ ਜਿਨ੍ਹਾਂ ਦਾ ਵਾਅਦਾ ਪਹਿਲਾਂ ਸਿਰਫ਼ ਪਤਰਸ ਨਾਲ ਕੀਤਾ ਗਿਆ ਸੀ (ਮੱਤੀ 16:19)। ਮੱਤੀ 18:18 ਵਿਚ ਯਿਸੂ ਨੇ ਇਸ਼ਾਰਾ ਕੀਤਾ ਸੀ ਕਿ ਹਰ ਰਸੂਲ ਨੂੰ ''ਬੰਨ੍ਹਣ ਅਤੇ ਖੋਲ੍ਹਣ'' ਦੀ ਸ਼ਕਤੀ ਮਿਲੇਗੀ। ਇਹ ''ਬੰਨ੍ਹਣਾ ਅਤੇ ਖੋਲ੍ਹਣਾ'' ਰਸੂਲਾਂ ਨੂੰ ਮਿਲਣ ਵਾਲੇ ਉਸ ਇਖ਼ਤਿਆਰ ਨੂੰ ਕਿਹਾ ਗਿਆ ਹੈ ਜੋ ਖ਼ੁਦਾ ਦੀ ਮਰਜ਼ੀ ਨੂੰ ਜ਼ਾਹਿਰ ਕਰਨ ਲਈ ਉਨ੍ਹਾਂ ਨੂੰ ਦਿੱਤਾ ਗਿਆ ਸੀ। ਜਿਹਦਾ ਫ਼ੈਸਲਾ ਪਹਿਲਾਂ ਹੀ ਖ਼ੁਦਾ ਦੇ ਤਖ਼ਤ 'ਤੇ ਲੈ ਲਿਆ ਗਿਆ ਸੀ।

ਰਸੂਲਾਂ ਨੇ ਸਿੱਖਿਆ ਸਬੰਧੀ ਸੱਚਿਆਈ 'ਤੇ ਆਪਣੇ ਵੱਲੋਂ ਕੋਈ ਫ਼ੈਸਲਾ ਨਹੀਂ ਲਿਆ ਸੀ; ਉਨ੍ਹਾਂ ਨੇ ਧਰਤੀ 'ਤੇ ਸਿਰਫ਼ ਉਹੀ ਗੱਲਾਂ ਜ਼ਾਹਿਰ ਕੀਤੀਆਂ ਜਿਨ੍ਹਾਂ ਦਾ ਫ਼ੈਸਲਾ ਸਵਰਗ ਵਿਚ ਪਹਿਲਾਂ ਹੀ ਲੈ ਲਿਆ ਗਿਆ ਸੀ। ਆਪਣੀ ਸਿੱਖਿਆ ਵਿਚ ਅਜਿਹੀਆਂ ਗੱਲਾਂ ਦੱਸ ਕੇ ਉਹ ਇਕ ਦੂਜੇ ਨਾਲ ਸਹਿਮਤ ਹੁੰਦੇ ਸਨ। ਮੁਕਾਸ਼ਫ਼ਾ ਦੇਣ ਵਾਲੀ ਖ਼ੁਦਾ ਦੀ ਅਚਰਜ ਸ਼ਕਤੀ ਉਨ੍ਹਾਂ ਵਿਚ ਸੀ। ਖ਼ੁਦਾ ਨੇ ਹਰ ਇਕ 'ਤੇ ਇੱਕੋ ਹੀ ਸੱਚਿਆਈ ਜ਼ਾਹਿਰ ਕੀਤੀ।

''ਦੋ ਜਾਂ ਤਿੰਨ ਮੇਰੇ ਨਾਂਅ 'ਤੇ ਇਕੱਠੇ ...'' ਹੋਣ ਵਾਲਿਆਂ ਵਿਚਕਾਰ ਯਿਸੂ ਦੀ ਗੱਲ ਬੰਦਗੀ ਲਈ ਇਕੱਠੇ ਹੋਣ ਵਾਲਿਆਂ ਲਈ ਨਹੀਂ ਹੈ, ਜਿਵੇਂ ਕਿ ਆਮਤੌਰ 'ਤੇ ਇਹਦੀ ਗ਼ਲਤ ਵਰਤੋਂ ਹੁੰਦੀ ਹੈ। ਇਸ ਵਾਕ ਤੋਂ ਭਾਵ ਯਿਸੂ ਮਸੀਹ ਦੇ ਨਾਂਅ (ਇਖ਼ਤਿਆਰ) ਵਿਚ ਰਸੂਲਾਂ (ਆਤਮਾ ਵੱਲੋਂ ਉਨ੍ਹਾਂ ਦੇ ਕੰਮ ਨੂੰ ਚਲਾਉਣ ਵਿਚ) ਦਾ ਇਕੱਠਾ ਹੋਣਾ ਹੈ। ਉਹਦਾ ਇਖ਼ਤਿਆਰ ਸੱਚਿਆਈ ਨਾਲ ਮੇਲ ਖਾਂਦੀ ਉਨ੍ਹਾਂ ਦੀ ਰਹਿਨੁਮਾਈ ਕਰਨ ਲਈ ਉਨ੍ਹਾਂ ਦੇ ਨਾਲ ਹੋਣਾ ਹੈ।

ਉਨ੍ਹਾਂ ਦੀਆਂ ਸਿੱਖਿਆਵਾਂ ਵਿਚ ਕਿਸੇ ਤਰ੍ਹਾਂ ਦੇ ਵਿਰੋਧ ਤੋਂ ਭਾਵ ਹੁੰਦਾ ਕਿ ਉਨ੍ਹਾਂ ਵਿਚ ਕੋਈ ਨਾ ਕੋਈ ਅਜਿਹਾ ਹੈ ਜੋ ਉਹ ਸਿੱਖਿਆ ਨਹੀਂ ਦੇ ਰਿਹਾ ਜੋ ਖ਼ੁਦਾ ਨੇ ਉਨ੍ਹਾਂ 'ਤੇ ਜ਼ਾਹਿਰ ਕੀਤੀ ਸੀ। ਸੱਚਿਆਈ ਆਪਸ ਵਿਚ ਟਕਰਾਉਂਦੀ ਨਹੀਂ। ਖ਼ੁਦਾ ਦਾ ਵਚਨ ਸੱਚਿਆਈ ਹੈ (ਯੂਹੰਨਾ 17:17) ਅਤੇ ਸੱਚਿਆਈ ਵਿਚ ਹੀ ਸਾਨੂੰ ਸ਼ੁੱਧ ਕਰਨ ਦੀ ਸ਼ਕਤੀ ਹੈ। ਇਸੇ ਕਰਕੇ ਰਸੂਲਾਂ ਅਤੇ ਖ਼ੁਦਾ ਦੀ ਪ੍ਰੇਰਣਾ ਪਾਏ ਨਵੇਂ ਨੇਮ ਦੇ ਲੇਖਕਾਂ ਦੀਆਂ ਸਿੱਖਿਆਵਾਂ ਵਿਚ ਕੋਈ ਅੰਤਰ-ਵਿਰੋਧ ਨਹੀਂ ਮਿਲਦਾ।

ਅੱਜ ਮੋਅਜਜ਼ੇ ਕਰਨ ਦਾ ਦਾਅਵਾ ਕਰਨ ਵਾਲੇ ਲੋਕਾਂ ਦੀਆਂ ਸਿੱਖਿਆਵਾਂ ਇਕ-ਦੂਜੇ ਦਾ ਵਿਰੋਧ ਕਰਦੀਆਂ ਹਨ। ਜਿਸ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਜਾਂ ਸਾਰੇ ਸੱਚਿਆਈ ਦਾ ਪ੍ਰਚਾਰ ਨਹੀਂ ਕਰ ਰਹੇ ਹਨ। ਉਨ੍ਹਾਂ ਵਿੱਚੋਂ ਜ਼ਰੂਰ ਕਈ ਗ਼ਲਤ ਹੋਣਗੇ ਅਤੇ ਜੋ ਗ਼ਲਤ ਹਨ ਉਨ੍ਹਾਂ ਨੂੰ ਖ਼ੁਦਾ ਵੱਲੋਂ ਮੋਅਜਜ਼ਾ ਕਰਨ ਦੀ ਸ਼ਕਤੀ ਨਹੀਂ ਮਿਲ ਸਕਦੀ ਸੀ। ਖ਼ੁਦਾ ਝੂਠੀ ਸਿੱਖਿਆ ਦੇਣ ਵਾਲਿਆਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਦਿੰਦਾ।

ਅੱਜ ''ਆਤਮਾ ਨਾਲ ਭਰੇ'' ਹੋਣ ਦਾ ਦਾਅਵਾ ਕਰਨ ਵਾਲੇ ਬਹੁਤੇ ਲੋਕ ਬਾਈਬਲ ਦੀਆਂ ਸਪੱਸ਼ਟ ਸਿੱਖਿਆਵਾਂ ਦਾ ਵਿਰੋਧ ਕਰਦੇ ਹਨ। ਉਨ੍ਹਾਂ ਦੀਆਂ ਕੁਝ ਸਿੱਖਿਆਵਾਂ ਪ੍ਰਭੂ ਦੀਆਂ ਸਪੱਸ਼ਟ ਸਿੱਖਿਆਵਾਂ ਦਾ ਉਲੰਘਣ ਹੈ। ਖ਼ੁਦਾ ਅਜਿਹੇ ਝੂਠੇ ਪ੍ਰਚਾਰਕਾਂ ਨੂੰ ਸ਼ਕਤੀ ਨਹੀਂ ਦੇਵੇਗਾ ਜੋ ਉਹਦੇ ਇਲਾਹੀ ਵਚਨ ਦਾ ਵਿਰੋਧ ਕਰਦੇ ਹਨ। ਅੱਜ ਇਹ ਪਤਾ ਲਾਉਣ ਲਈ ਕਿ ''ਮੋਅਜਜ਼ੇ'' ਕਰਨ ਵਾਲੇ ਸੱਚਮੁੱਚ ਖ਼ੁਦਾ ਵੱਲੋਂ ਨਿਸ਼ਾਨ ਅਤੇ ਅਚੰਭੇ ਕੰਮ ਕਰ ਰਹੇ ਹਨ ਜਾਂ ਨਹੀਂ, ਦਾ ਸੌਖਾ ਤਰੀਕਾ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਬਾਈਬਲ ਨਾਲ ਮਿਲਾ ਕੇ ਪਰਖਣਾ ਹੈ। ਜੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਈਬਲ ਨਾਲ ਮੇਲ ਨਹੀਂ ਖਾਂਦੀਆਂ, ਭਾਵ ''ਪਵਿੱਤਰ ਪੁਸਤਕ''

ਵਿਚ ਨਹੀਂ ਮਿਲਦੀਆਂ, ਤਾਂ ਉਹ ਖ਼ੁਦਾ ਦੀ ਸ਼ਕਤੀ ਨਾਲ ਮੋਅਜਜ਼ੇ ਨਹੀਂ ਕਰ ਰਹੇ ਹਨ। ਜੇ ਇਹ ਦਾਅਵਾ ਕਰਨ ਵਾਲੇ ਜੋ ਕੁਝ ਕਰ ਰਹੇ ਹਨ ਉਹ ਖ਼ੁਦਾਈ ਹੈ ਜਾਂ ਕੁਦਰਤੀ ਧਾਰਨਾਵਾਂ ਨਾਲ ਉਨ੍ਹਾਂ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਤਾਂ ਅਗਲਾ ਨਿਚੋੜ ਇਹ ਹੈ ਕਿ ਇਹ ਘਟਨਾਵਾਂ ਸਿਰਫ਼ ਅਤੇ ਸਿਰਫ਼ ਸ਼ੈਤਾਨ ਵੱਲੋਂ ਹਨ (2 ਥੱਸਲੁਨੀਕੀਆਂ 2:8-10)। ਸ਼ੈਤਾਨ ਹੀ ਲੋਕਾਂ ਨੂੰ ਇਸ ਤਰ੍ਹਾਂ ਦੇ ਨਿਸ਼ਾਨ ਅਤੇ ਝੂਠੇ ਅਚੰਭੇ ਕੰਮਾਂ ਨਾਲ ਚੱਕਰ ਵਿਚ ਪਾ ਸਕਦਾ ਹੈ। ਖ਼ੁਦਾ ਝੂਠ ਦੀ ਗਵਾਹੀ ਨਹੀਂ ਦਿੰਦਾ। ਇਹ ਕੰਮ ਸ਼ੈਤਾਨ ਦਾ ਹੈ ਜੋ ਸ਼ੁਰੂ ਤੋਂ ਝੂਠਾ ਹੈ ਅਤੇ ਹਰ ਝੂਠ ਦਾ ਪਿਤਾ ਹੈ (ਯੂਹੰਨਾ 8:44)।

## ਸਿਖਾਉਣ ਵਿਚ ਮਦਦ ਲਈ

ਅਰੰਭਿਕ ਕਲੀਸੀਆਵਾਂ ਵਿਚ ਨੌ ਚਮਤਕਾਰੀ ਦਾਨਾਂ ਦੀ ਵਰਤੋਂ ਹੁੰਦੀ ਸੀ (1 ਕੁਰਿੰਥੀਆਂ 12:8-10)। ਇਨ੍ਹਾਂ ਦਾਨਾਂ ਵਿਚ ਬੁੱਧ, ਗਿਆਨ, ਚੰਗਿਆਈ ਦੇਣ ਦਾ ਵਰਦਾਨ, ਸਮਰੱਥਾ ਦੇ ਕੰਮ ਕਰਨ ਦੀ ਸ਼ਕਤੀ, ਨਬੂਵਤ, ਰੂਹਾਂ ਦੀ ਪਰਖ, ਕਈ ਤਰ੍ਹਾਂ ਦੇ ਦਾਨ ਅਤੇ ਭਾਸ਼ਾਵਾਂ ਦਾ ਅਨੁਵਾਦ ਸ਼ਾਮਲ ਸਨ। ਦਿਲਚਸਪ ਗੱਲ ਇਹ ਹੈ ਕਿ *ਇਨ੍ਹਾਂ ਨੌਂ ਦਾਨਾਂ ਵਿਚ ਛੇ ਸਿੱਧੇ ਤੌਰ 'ਤੇ ਖ਼ੁਦਾ ਦੀ ਸਿੱਖਿਆ ਵਿਚ ਮਿਲਦੇ ਸਨ* । ਇਸ ਤਰ੍ਹਾਂ ਦੇ ਸਬੰਧ ਨੂੰ ਅਣਗੌਲਿਆਂ ਨਹੀਂ ਕੀਤਾ ਜਾਣਾ ਚਾਹੀਦਾ। ਵਿਸ਼ਵਾਸ, ਚੰਗਾਈ ਅਤੇ ਸਮਰੱਥਾ ਦੇ ਕੰਮਾਂ ਦੀ ਅਸਿੱਧੇ ਤੌਰ 'ਤੇ ਵਰਤੋਂ ਹੁੰਦੀ ਸੀ। ਪਰ ਦੂਜੇ ਦਾਨ ਮਸੀਹ ਦੇ ਰਾਜ ਦੇ ਸ਼ੁਰੂ ਲਈ ਖ਼ੁਦਾ ਦੇ ਵਚਨ ਦੀ ਸਿੱਖਿਆ ਲਈ ਜ਼ਰੂਰੀ ਸਨ।

(1) ''ਬੁੱਧ'' ਜ਼ਿੰਦਗੀ ਦੇ ਵੱਖੋ-ਵੱਖ ਹਾਲਾਤ 'ਤੇ ਮਿਲਣ ਵਾਲੀਆਂ ਸੱਚਿਆਈਆਂ ਦੀ ਖ਼ੂਬੀ ਸੀ।

(2) ''ਗਿਆਨ'' ਸਿੱਖਿਆ ਬਾਰੇ ਸੱਚਿਆਈਆਂ ਦੇ ਤੱਥਾਂ ਨੂੰ ਯਕੀਨੀ ਬਣਾਉਣ ਦੀ ਯੋਗਤਾ ਸੀ।

(3) ''ਵਿਸ਼ਵਾਸ'' ਪਵਿੱਤਰ ਆਤਮਾ ਵੱਲੋਂ ਮਿਲਿਆ ਉਹ ਦਾਨ ਸੀ ਜਿਸ ਨਾਲ ਲੋਕਾਂ ਨੂੰ ਰੂਹਾਨੀ ਕੰਮ ਕਰਨ ਦੀ ਯੋਗਤਾ ਮਿਲੀ ਸੀ। ਅਜਿਹੇ ਹੀ ਵਿਸ਼ਵਾਸ ਦੀ ਗੱਲ ਉਹਨੇ ਭੂਤ ਚੰਬੜੇ ਮੁੰਡੇ ਨੂੰ ਚੰਗਾ ਕਰਦਿਆਂ (ਮੱਤੀ 17:14-21) ਅਤੇ ਅੰਜੀਰ ਦੇ ਰੁੱਖ ਨੂੰ ਸਰਾਪ ਦਿੰਦਿਆਂ ਕੀਤੀ ਸੀ (ਮੱਤੀ 21:18-21)। ਇਹ ''ਵਿਸ਼ਵਾਸ'' ਮੋਅਜਜ਼ੇ ਰਾਹੀਂ ਮਿਲਿਆ ਇਕ ਚਮਤਕਾਰੀ ਦਾਨ ਸੀ, ਨਾ ਕਿ ਉਹ ਵਿਸ਼ਵਾਸ ਜੋ ਖ਼ੁਦਾ ਦਾ ਵਚਨ ਸੁਣਨ ਨਾਲ ਆਉਂਦਾ ਹੈ (ਰੋਮੀਆਂ 10:17)।

(4) ''ਚੰਗਾਈ ਦੇਣ ਦਾ ਵਰਦਾਨ'' ਸਰੀਰਕ ਰੋਗਾਂ ਨੂੰ ਦੂਰ ਕਰਨ ਲਈ ਕਿਹਾ ਗਿਆ ਹੈ।

(5) ''ਸਮਰੱਥਾ ਦੇ ਕੰਮ'' ਮੁਰਦਿਆਂ ਨੂੰ ਜ਼ਿੰਦਾ ਕਰਨ (ਰਸੂਲਾਂ ਦੇ ਕੰਮ 9:36-42) ਜਾਂ ਸੱਚਿਆਈ ਦੀ ਸਿੱਖਿਆ ਦੇਣ ਦੇ ਰਸਤੇ ਵਿਚ ਰੁਕਾਵਟ ਪਾਉਣ ਵਾਲੇ ਨੂੰ ਅੰਨ੍ਹਾ ਕਰਨ ਦੀ ਸ਼ਕਤੀ ਸੀ (ਰਸੂਲਾਂ ਦੇ ਕੰਮ 13:8-11)।

(6) ''ਨਬੂਵਤ'' ਖ਼ੁਦਾ ਵੱਲੋਂ ਸੱਚਿਆਈ ਨੂੰ ਕਬੂਲ ਕਰਨ ਅਤੇ ''ਉਹਦੇ ਲਈ'' ਜਾਂ ''ਉਹਦੇ ਵੱਲੋਂ'' ਬੋਲਣ ਦੀ ਸ਼ਕਤੀ ਸੀ। ਮੂਲ ਯੂਨਾਨੀ ਭਾਸ਼ਾ ਵਿਚ ''ਨਬੀ'' ਉਨ੍ਹਾਂ ਸ਼ਬਦਾਂ ਦਾ ਮੇਲ ਹੈ ਜਿਨ੍ਹਾਂ ਦਾ ਅਰਥ ''ਦੇ ਲਈ'' ਅਤੇ ''ਬੋਲਣਾ'' ਹੈ, ਇੰਜ ਇਸ ਤੋਂ ਭਾਵ ਖ਼ੁਦਾ

''ਲਈ ਬੋਲਣਾ'' ਹੈ।

(7) ''ਰੂਹਾਂ ਦੀ ਪਰਖ'' ਅਜਿਹਾ ਦਾਨ ਸੀ ਜਿਸ ਨਾਲ ਪਤਾ ਲੱਗ ਜਾਂਦਾ ਸੀ ਕਿ ਆਤਮਾ ਦੀ ਪ੍ਰੇਰਣਾ ਨਾਲ ਬੋਲਣ ਦਾ ਦਾਅਵਾ ਕਰਨ ਵਾਲਾ ਆਤਮਾ ਦੀ ਪ੍ਰੇਰਣਾ ਨਾਲ ਬੋਲ ਵੀ ਰਿਹਾ ਸੀ ਜਾਂ ਨਹੀਂ। ਰੂਹਾਂ ਦੀ ਪਰਖ ਕਰਨ ਵਾਲੇ ਨੂੰ ਇਹ ਜਾਣਨ ਦੀ ਸ਼ਕਤੀ ਦਿੱਤੀ ਜਾਂਦੀ ਸੀ ਕਿ ਕੋਈ ਕਿਸ ਇਖ਼ਤਿਆਰ ਨਾਲ ਬੋਲ ਰਿਹਾ ਹੈ। ਭਾਵ ਉਹ ਪਵਿੱਤਰ ਆਤਮਾ ਦੇ ਇਖ਼ਤਿਆਰ ਨਾਲ ਬੋਲ ਰਿਹਾ ਹੈ ਜਾਂ ਕਿਸੇ ਦੁਸ਼ਟ ਆਤਮਾ ਦੀ ਤਰਫ਼ੋਂ। ਇਹਦਾ ਫ਼ਾਇਦਾ ਖ਼ਾਸਕਰ ਸ਼ੁਰੂਆਤੀ ਮੰਡਲੀਆਂ ਵਿਚ ਹੋਇਆ ਜਿੱਥੇ ਰਸੂਲ ਨਹੀਂ ਸਨ। ਮੁੱਢਲੀਆਂ ਕਲੀਸੀਆਵਾਂ ਕੋਲ ਮੁਕੰਮਲ ਨਵਾਂ ਨੇਮ ਨਹੀਂ ਸੀ ਜਿਸ ਨਾਲ ਉਹ ਸਿੱਖਿਆ ਦੇਣ ਵਾਲਿਆਂ ਦੀਆਂ ਗੱਲਾਂ ਨੂੰ ਪਰਖ ਸਕਦੇ, ਜਿਸ ਕਰਕੇ ਹਰ ਮੰਡਲੀ ਵਿਚ ਹੀ ਕੋਈ ਅਜਿਹਾ ਬੰਦਾ ਹੁੰਦਾ ਸੀ ਜੋ ਇਹਦੇ ਕੰਮ ਲਈ ਅਲੋਚਨਾਤਮਕ ਢੰਗ ਨਾਲ ਫ਼ਾਇਦੇਮੰਦ ਸੀ।

(8) ''ਵੱਖੋ-ਵੱਖ ਬੋਲੀਆਂ'' ਉਨ੍ਹਾਂ ਵਿਦੇਸ਼ੀ ਭਾਸ਼ਾਵਾਂ ਨੂੰ ਮੋਅਜਜ਼ੇ ਰਾਹੀਂ ਬੋਲਣ ਨੂੰ ਕਿਹਾ ਗਿਆ ਹੈ ਜੋ ਉਸ ਵਕਤ ਦੁਨੀਆਂ ਵਿਚ ਪਾਈਆਂ ਜਾਂਦੀਆਂ ਸਨ ਅਤੇ ਬੋਲਣ ਵਾਲੇ ਨੂੰ ਪਤਾ ਨਹੀਂ ਹੁੰਦਾ ਸੀ ਅਤੇ ਨਾ ਹੀ ਉਨ੍ਹਾਂ ਨੇ ਇਨ੍ਹਾਂ ਬੋਲੀਆਂ ਨੂੰ ਕਦੇ ਸਿੱਖਿਆ ਹੁੰਦਾ ਸੀ। ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਰਸੂਲ ਇਸੇ ਤਰ੍ਹਾਂ ਬੋਲਦੇ ਸਨ (ਰਸੂਲਾਂ ਦੇ ਕੰਮ 2:4)। ਇਨ੍ਹਾਂ ਬੋਲੀਆਂ ਦੀ ਵਰਤੋਂ ਫ਼ਲਸਤੀਨ ਨੂੰ ਛੱਡ ਕੇ ਹੋਰ ਸਭ ਦੇਸ਼ਾਂ ਵਿਚ ਹੁੰਦੀ ਸੀ ਕਿਉਂਕਿ ਸੁਣਨ ਵਾਲਿਆਂ ਨੇ ਰਸੂਲਾਂ ਨੂੰ ''ਆਪੋ ਆਪਣੀ ਜਨਮ ਭੂਮੀ ਦੀ ਭਾਖਿਆ'' (ਰਸੂਲਾਂ ਦੇ ਕੰਮ 2:8) ਬੋਲਦੇ ਅਤੇ ਸੁਣਦੇ ਵੇਖਿਆ ਸੀ।

(9) ''ਭਾਸ਼ਾਵਾਂ ਦਾ ਅਰਥ ਦੱਸਣਾ'' ਇਨ੍ਹਾਂ ਭਾਸ਼ਾਵਾਂ ਦਾ ਅਨੁਵਾਦ ਉੱਥੇ ਖੜੇ ਲੋਕਾਂ ਨੂੰ ਸਮਝਾਉਣ ਲਈ ਉਨ੍ਹਾਂ ਦੀ ਜ਼ਬਾਨ ਵਿਚ ਕਰਨਾ ਸੀ। ਸ਼ਾਇਦ ਅਫ਼ਸੁਸ ਦੀ ਇਕ ਮੰਡਲੀ ਵਿਚ ਅਜਿਹੇ ਲੋਕ ਸਨ ਜੋ ਯੂਨਾਨੀ ਬੋਲ ਸਕਦੇ ਸਨ ਜਦਕਿ ਹੋਰ ਲੋਕ ਸਿਰਫ਼ ਇਬਰਾਨੀ ਹੀ ਬੋਲ ਸਕਦੇ ਸਨ। ਜੇ ਕੋਈ ਸਿਖਾਉਣ ਵਾਲਾ ਯੂਨਾਨੀ ਵਿਚ ਬੋਲਦਾ, ਤਾਂ ਇਕ ਅਨੁਵਾਦਕ ਉਸ ਯੂਨਾਨੀ ਭਾਸ਼ਾ ਨੂੰ ਇਬਰਾਨੀ ਬੋਲਣ ਵਾਲੇ ਸੁਣਨ ਵਾਲਿਆਂ ਦੀ ਸਹੂਲਤ ਲਈ ਅਨੁਵਾਦ ਕਰ ਸਕਦਾ ਸੀ।

ਇਹ ਨਹੀਂ ਦੱਸਿਆ ਗਿਆ ਕਿ ਇਨ੍ਹਾਂ ਦਾਨਾਂ ਨਾਲ ਨਵੇਂ ਨੇਮ ਦੇ ਸਮੇਂ ਮੋਅਜਜ਼ਿਆਂ ਨਾਲ ਜਾਂ ਇਨ੍ਹਾਂ ਦਾਨਾਂ ਨੂੰ ਪਾਉਣ ਨਾਲ ਕਿਸੇ ਦੇ ਪਾਪ ਮਾਫ਼ ਹੋਏ ਹੋਣ। ਨਾ ਹੀ ਇਹਦਾ ਮਤਲਬ ਇਹ ਨਿੱਕਲਦਾ ਹੈ ਕਿ ਦਾਨ ਪਾਉਣ ਨਾਲ ਕਿਸੇ ਨੂੰ ਪ੍ਰਭੂ ਦੇ ਰਾਜ ਵਿਚ ਨਵਾਂ ਜਨਮ ਮਿਲ ਗਿਆ ਹੋਵੇ। ਇਨ੍ਹਾਂ ਸਭ ਅਚੰਭਿਆਂ ਅਤੇ ਨਿਸ਼ਾਨਾਂ ਦੀ ਸਹੀ ਵਰਤੋਂ ਤੇ ਖ਼ਾਸ ਜ਼ੋਰ ਇਹ ਹੈ ਕਿ ਇਹ ਖ਼ੁਦਾ ਵੱਲੋਂ ਸਨ।

## ਰਸੂਲਾਂ ਦੇ ਕੰਮ ਕਿਤਾਬ ਵਿਚ ਵਿਖਾਇਆ ਗਿਆ ਮੋਅਜਜ਼ਿਆਂ ਦਾ ਮਕਸਦ

ਰਸੂਲਾਂ ਦੇ ਕੰਮ ਕਿਤਾਬ ਵਿਚ ਦੱਸਿਆ ਗਿਆ ਹੈ ਕਿ ਖ਼ੁਦਾ ਨੇ ਰਸੂਲਾਂ ਦੇ ਕੰਮ ਨਾਲ ਵਚਨ ਦੀ ਤਸਦੀਕ ਕੀਤੀ। ਰਸੂਲ ਪਵਿੱਤਰ ਆਤਮਾ ਤੋਂ ਸ਼ਕਤੀ ਪਾ ਕੇ ਕੰਮ ਵਿਚ ਜੁਟ ਗਏ ਸਨ। ਪ੍ਰਚਾਰ ਕਰਦਿਆਂ ਨਵੇਂ-ਨਵੇਂ ਮੁਕਾਸ਼ਫ਼ਿਆਂ ਨਾਲ, ਉਨ੍ਹਾਂ ਨੇ ਨਿਸ਼ਾਨ, ਅਚੰਭੇ ਕੰਮ ਅਤੇ ਮੋਅਜਜ਼ੇ ਇਹ ਸਾਬਤ ਕਰਨ ਲਈ ਕੀਤੇ ਕਿ ਉਹ ਪ੍ਰਭੂ ਯਿਸੂ ਦੀ ਤਰਫ਼ੋਂ ਬੋਲ ਰਹੇ ਸਨ।

ਰਸੂਲਾਂ ਨੇ ਪੈਂਟੀਕਾਸਟ ਵਾਲੇ ਦਿਨ ਜੋ ਕਿ ਭਰਪੂਰੀ ਨਾਲ ਇੰਜੀਲ ਦੇ ਪ੍ਰਚਾਰ ਅਤੇ ਵਿਸ਼ਵਾਸੀਆਂ ਦੇ ਤੌਬਾ ਕਰਨ ਅਤੇ ਬਪਤਿਸਮਾ ਲੈਣ ਦਾ ਸ਼ੁਰੂਆਤੀ ਦਿਨ ਸੀ ਲੋਕਾਂ ਵਿਚ ਹੋਰ ਵੀ ਸਪੱਸ਼ਟ ਮੋਅਜਜ਼ੇ ਕੀਤੇ ਸਨ (ਰਸੂਲਾਂ ਦੇ ਕੰਮ 2:4-11, 38, 41)। ਇਸ ਸਮੇਂ ਮੋਅਜਜ਼ੇ ਕਰਦਿਆਂ ਲੂਕਾ ਨੇ ਸਿਰਫ਼ ਰਸੂਲਾਂ ਦਾ ਹੀ ਜ਼ਿਕਰ ਕੀਤਾ। ਕਿਉਂਕਿ ਉਨ੍ਹਾਂ ਨੇ ਇਹ ਦਾਨ ਹੋਰ ਲੋਕਾਂ ਨੂੰ ਦੇਣ ਲਈ ਅਜੇ ਤਕ ਕਿਸੇ 'ਤੇ ਹੱਥ ਨਹੀਂ ਰੱਖੇ ਸਨ। ਇਕ ਲੰਗੜੇ ਨੂੰ ਚੰਗਾਈ ਦੇਣ ਦੇ ਬਾਅਦ ਪਤਰਸ ਨੂੰ ਹੈਕਲ ਵਿਚ ਸੁਲੇਮਾਨ ਦੀ ਦਲਾਨ ਵਿਚ ਪ੍ਰਚਾਰ ਕਰਨ ਦਾ ਮੌਕਾ ਮਿਲ ਗਿਆ ਸੀ (ਰਸੂਲਾਂ ਦੇ ਕੰਮ 3:7-10; 4:14)।

ਬਾਅਦ ਵਿਚ ਬਹੁਤ ਸਾਰੇ ਲੋਕਾਂ ਨੂੰ ਚੰਗਾਈ ਦੇਣ ਨਾਲ ਸਿੱਖਿਆ ਦੇਣ ਅਤੇ ਰਸੂਲਾਂ ਨੂੰ ਖ਼ੁਦਾ ਵੱਲੋਂ ਦਿੱਤੀਆਂ ਸ਼ਕਤੀਆਂ ਦੀ ਪਛਾਣ ਕਰਾਉਣ ਦਾ ਇਕ ਹੋਰ ਮੌਕਾ ਮਿਲ ਗਿਆ (5:12-16) ਅਤੇ ਇਨ੍ਹਾਂ ਮੋਅਜਜ਼ਿਆਂ ਕਰਕੇ ਕਲੀਸੀਆ ਵਿਚ ਹੋਰ ਵੀ ਬਹੁਤ ਸਾਰੇ ਲੋਕ ਮਿਲਦੇ ਗਏ (ਆਇਤ 14)। ਇਸਤੀਫ਼ਾਨ ਦੀ ਜ਼ਬਰਦਸਤ ਸਿੱਖਿਆ ਦੀ ਤਸਦੀਕ ਉਨ੍ਹਾਂ ਮੋਅਜਜ਼ਿਆਂ ਨਾਲ ਹੋਈ ਜੋ ਉਹਨੇ ਕੀਤੇ ਸਨ (ਰਸੂਲਾਂ ਦੇ ਕੰਮ 6:8) ਕਿਉਂਕਿ ਰਸੂਲਾਂ ਨੇ ਉਹਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਉਹਦੇ 'ਤੇ ਹੱਥ ਰੱਖੇ ਸਨ (ਆਇਤ 6)। ਬਹੁਤ ਸਾਰੇ ਲੋਕਾਂ ਨੇ ''ਉਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ'' (ਰਸੂਲਾਂ ਦੇ ਕੰਮ 8:6) ਤਾਂ ਫਿਲਿਪੁੱਸ ਦੀਆਂ ਗੱਲਾਂ 'ਤੇ ਵਿਸ਼ਵਾਸ ਕਰਕੇ ਉਸ ਨੂੰ ਕਬੂਲ ਕੀਤਾ।

ਪਤਰਸ ਵੱਲੋਂ ਦੋਰਕਾਸ ਨੂੰ ਮੁਰਦਿਆਂ ਵਿੱਚੋਂ ਜਿਵਾਉਣ ਨਾਲ ''ਬਥੇਰਿਆਂ ਨੇ ਪ੍ਰਭੂ 'ਤੇ ਨਿਹਚਾ ਕੀਤੀ'' (ਰਸੂਲਾਂ ਦੇ ਕੰਮ 9:42)। ਉਹਦੇ ਬਾਅਦ ਪਤਰਸ ਨੂੰ ਕੁਰਨੇਲਿਉਸ ਦੇ ਘਰ ਸੱਦਿਆ ਗਿਆ। ਦੋ ਮੋਅਜਜ਼ਿਆਂ ਨਾਲ ਇਹ ਤਸਦੀਕ ਹੋ ਗਈ ਕਿ ਉਹਨੂੰ ਗ਼ੈਰ ਕੌਮਾਂ ਦੇ ਘਰ ਜਾਣਾ ਚਾਹੀਦਾ ਹੈ। ਪਹਿਲਾ ਮੋਅਜਜ਼ਾ ਅਸਮਾਨ ਤੋਂ ਇਕ ਚਾਦਰ ਦੇ ਹੇਠਾਂ ਆਉਣ ਦਾ ਦਰਸ਼ਣ ਸੀ। ਇਸ ਦਰਸ਼ਣ ਵਿਚ ਹਰ ਤਰ੍ਹਾਂ ਦੇ ਜੀਵ-ਜੰਤੂ ਸਨ ਜਿਨ੍ਹਾਂ ਨੂੰ ਮਾਰ ਕੇ ਖਾਣ ਦਾ ਪਤਰਸ ਨੂੰ ਹੁਕਮ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 10:9-16)। ਦੂਜਾ ਮੋਅਜਜ਼ਾ ਕਿਸੇ ਗ਼ੈਰ ਕੌਮ ਦੇ ਸੇਵਕਾਂ ਨਾਲ ਜਾਣ ਦੇ ਹੁਕਮ ਦੀ ਪਵਿੱਤਰ ਆਤਮਾ ਦੀ ਅਵਾਜ਼ ਸੀ (ਰਸੂਲਾਂ ਦੇ ਕੰਮ 10:17-20)। ਦੋਵੇਂ ਮੋਅਜਜ਼ੇ ਬੇਮਿਸਾਲ ਸਨ, ਕਿਉਂਕਿ ਉਹਨੇ ਇਨ੍ਹਾਂ ਦੀ ਵਰਤੋਂ ਆਪਣੇ ਰਸੂਲਾਂ 'ਤੇ ਖ਼ੁਦਾ ਦੀ ਮਰਜ਼ੀ ਦੀ ਤਸਦੀਕ ਕਰਨ ਲਈ ਕੀਤੀ ਸੀ। ਆਮ ਤੌਰ 'ਤੇ ਮੋਅਜਜ਼ੇ ਦੀ ਵਰਤੋਂ ਯਿਸੂ ਵਿਚ ਵਿਸ਼ਵਾਸ ਨਾ ਕਰਨ ਵਾਲਿਆਂ ਨੂੰ ਸਮਝਾਉਣ ਲਈ ਅਤੇ ਖ਼ੁਦਾ ਦੇ ਵਚਨ ਦੀ ਤਸਦੀਕ ਕਰਨ ਲਈ ਕੀਤੀ ਜਾਂਦੀ ਸੀ।

ਇਸ ਨਾਲ ਇਕ ਹੋਰ ਗ਼ੈਰ ਮਾਮੂਲੀ ਮੋਅਜਜ਼ਾ ਹੋ ਗਿਆ ਹੈ; ਅਸਲ ਵਿਚ ਇਹ ਇੱਕੋ ਵਾਰ ਹੋਣ ਵਾਲੀ ਘਟਨਾ ਸੀ। ਖ਼ੁਦਾ ਨੇ ਪਤਰਸ ਅਤੇ ਉਹਦੇ ਨਾਲ ਜਾਣ ਵਾਲੇ ਛੇ ਭਾਈਆਂ ਦੇ ਨਾਲ-ਨਾਲ ਕੁਰਨੇਲਿਉਸ ਅਤੇ ਉਹਦੇ ਘਰਾਣੇ 'ਤੇ ਪਵਿੱਤਰ ਆਤਮਾ ਭੇਜ ਕੇ ਆਪਣੀਆਂ ਇੱਛਾਵਾਂ ਦੀ ਤਸਦੀਕ ਕਰ ਦਿੱਤੀ। ਪਵਿੱਤਰ ਆਤਮਾ ਤੋਂ ਸ਼ਕਤੀ ਪਾ ਕੇ, ਉਹ ''ਬੋਲੀਆਂ ਬੋਲਣ ਅਤੇ ਪ੍ਰਮੇਸ਼ਵਰ ਦੀ ਵਡਿਆਈ ਕਰਨ ਲੱਗੇ'' (ਆਇਤਾ 10:44-46)। ਇਹ ਉਨ੍ਹਾਂ ਦੇ ਮਸੀਹੀ ਬਣਨ ਤੋਂ ਪਹਿਲਾਂ ਹੋਇਆ ਸੀ। ਹੈਰਾਨੀ ਦੀ ਗੱਲ ਹੈ ਕਿ ਅਵਿਸ਼ਵਾਸੀ ਲੋਕਾਂ ਨੂੰ ਭਾਵ ਜੋ ਲੋਕ ਅਜੇ ਮਸੀਹੀ ਨਹੀਂ ਵੀ ਸਨ ਅਤੇ ਯਿਸੂ ਨੂੰ ਖ਼ੁਦਾ ਦੇ ਬੇਟੇ ਦੇ ਤੌਰ 'ਤੇ ਨਹੀਂ ਜਾਣਦੇ ਸਨ, ਖ਼ੁਦਾ ਨੇ ਇਸ ਤਰ੍ਹਾਂ ਵਰਤਿਆ; ਅਤੇ ਇਹ ਇਸ ਮੌਕੇ 'ਤੇ ਜ਼ਰੂਰੀ ਵੀ ਸੀ। ਮਜ਼ਹਬੀ ਮੁਤਅੱਸਬ ਵਾਲੇ ਯਹੂਦੀਆਂ ਨੂੰ, ਜਿਨ੍ਹਾਂ ਵਿਚ ਪਤਰਸ ਵੀ ਸੀ, ਇਹ ਸਮਝਾਉਣਾ ਕਿ

ਗ਼ੈਰ ਕੌਮਾਂ ਵਿਚ ਪ੍ਰਚਾਰ ਕਰਨਾ, ਉਨ੍ਹਾਂ ਨੂੰ ਮਸੀਹ ਵਿਚ ਬਪਤਿਸਮਾ ਦੇਣ ਅਤੇ ਮਸੀਹ ਵਿਚ ਭਾਈਆਂ ਦੇ ਤੌਰ 'ਤੇ ਉਨ੍ਹਾਂ ਨਾਲ ਸੰਗਤੀ ਕਰਨ ਸਹੀ ਅਤੇ ਢੁਕਵਾਂ ਸੀ। ਇੰਜ ਖ਼ੁਦਾ ਨੇ ਆਪਣੇ ਰਸੂਲਾਂ ਅਤੇ ਅਵਿਸ਼ਵਾਸੀਆਂ ਦੋਹਾਂ ਵਿਚ ਹੀ ''ਵਚਨ ਨੂੰ ਮਜ਼ਬੂਤ'' ਕਰਨ ਲਈ ਇਕ ਹੋਰ ਮੋਅਜਜ਼ੇ ਦੀ ਵਰਤੋਂ ਕੀਤੀ।

ਆਪਣੀ ਮੁੱਢਲੀ ਮਿਸ਼ਨਰੀ ਯਾਤਰਾ ਵਿਚ, ਪੌਲੁਸ ਨੇ ਇਲਮਾਸ ਨਾਂਅ ਦੇ ਇਕ ਆਦਮੀ ਨੂੰ ਅੰਨ੍ਹਾ ਕਰ ਦਿੱਤਾ ਸੀ ਕਿਉਂਕਿ ਉਹ ਸੱਚਿਆਈ ਦੇ ਵਚਨ ਨੂੰ ਸੁਣਾਉਣ ਵਿਚ ਰੋੜਾ ਬਣ ਰਿਹਾ ਸੀ। ਰਸੂਲਾਂ ਦੇ ਕੰਮ 13:12 ਵਿਚ ਕਿਹਾ ਗਿਆ ਹੈ ਕਿ ''ਤਦ ਡਿਪਟੀ ਨੇ ਜਦ ਇਹ ਵਾਰਤਾ ਵੇਖੀ ਤਾਂ ਪ੍ਰਭੂ ਦੀ ਸਿੱਖਿਆ ਤੋਂ ਹੈਰਾਨ ਹੋ ਕੇ ਨਿਹਚਾ ਕੀਤੀ।'' ਫੇਰ ਇਕ ਮੋਅਜਜ਼ੇ ਨਾਲ ਇਹ ਸਪੱਸ਼ਟ ਹੋ ਗਿਆ ਸੀ ਕਿ ਇਹ ਸਿੱਖਿਆਵਾਂ ਖ਼ੁਦਾ ਵੱਲੋਂ ਮਿਲੀਆਂ ਸਿੱਖਿਆਵਾਂ ਦੀ ਤਸਦੀਕ ਕਰਦੀਆਂ ਹਨ।

ਪੌਲੁਸ ਵੱਲੋਂ ਫ਼ਿਲਿਪੈ ਵਿਚ ਭਵਿੱਖ ਦੱਸਣ ਵਾਲੀ ਇਕ ਸ਼ੈਤਾਨੀ ਆਤਮਾ ਨੂੰ ਕੱਢਣ ਕਰਕੇ ਸ਼ਹਿਰ ਵਿਚ ਦੰਗਾ ਹੋ ਗਿਆ ਸੀ। ਪੌਲੁਸ ਅਤੇ ਸੀਲਾਸ ਨੂੰ ਬੇਰਹਿਮੀ ਨਾਲ ਜੇਲ੍ਹ ਵਿਚ ਪਾ ਦਿੱਤਾ ਗਿਆ ਸੀ ਕਿਉਂਕਿ ਉਸ ਕੁੜੀ ਦੇ ਮਾਲਕਾਂ ਨੇ ਵੇਖਿਆ ਕਿ ਉਸ ਕੁੜੀ ਨਾਲ ਹੋਣ ਵਾਲੀ ਕਮਾਈ ਹੁਣ ਨਹੀਂ ਹੋਵੇਗੀ। ਪੌਲੁਸ ਅਤੇ ਸੀਲਾਸ ਨੂੰ ਜੇਲ੍ਹ ਵਿਚ ਬੰਦ ਕਰਨ ਨਾਲ ਦਰੋਗੇ ਅਤੇ ਉਹਦੇ ਪਰਿਵਾਰ ਨੂੰ ਵਚਨ ਸੁਣਨ ਦਾ ਮੌਕਾ ਮਿਲ ਗਿਆ (ਰਸੂਲਾਂ ਦੇ ਕੰਮ 16:16-34)। ਇੱਥੇ ਇਕ ਅਜੀਬ ਭੁਚਾਲ ਆਇਆ, ਜਿਸ ਨਾਲ ਜੇਲ੍ਹ ਦੇ ਦਰਵਾਜ਼ੇ ਖੁੱਲ੍ਹ ਗਏ; ਬਾਅਦ ਦੀਆਂ ਅਨੋਖੀਆਂ ਘਟਨਾਵਾਂ ਨਾਲ ਦਰੋਗੇ ਨੂੰ ਸਮਝ ਆ ਗਈ ਸੀ ਕਿ ਪੌਲੁਸ ਅਤੇ ਸੀਲਾਸ ਦੀ ਗੱਲ ਉਹਨੂੰ ਸੁਣਨੀ ਚਾਹੀਦੀ ਹੈ।

ਆਪਣੀ ਤੀਜੀ ਮਿਸ਼ਨਰੀ ਯਾਤਰਾ ਵਿਚ ਪੌਲੁਸ ਨੂੰ ਉਨ੍ਹਾਂ ਮੋਅਜਜ਼ਿਆਂ ਨਾਲ ਜੋ ਉਹਦੇ ਰਾਹੀਂ ਹੋਏ ਸਨ, ਸਿੱਖਿਆ ਦੇਣ ਦੇ ਜ਼ਬਰਦਸਤ ਮੌਕੇ ਮਿਲ ਗਏ। ਦੁਸ਼ਟ ਆਤਮਾਵਾਂ ਦੇ ਸ਼ੈਤਾਨ ਦੇ ਵੱਸ ਵਿਚ ਹੋਣ ਦੇ ਬਾਵਜੂਦ ਬਹੁਤ ਸਾਰੇ ਲੋਕਾਂ ਨੇ ਵਚਨ ਨੂੰ ਕਬੂਲ ਕੀਤਾ ਸੀ (ਰਸੂਲਾਂ ਦੇ ਕੰਮ 19:11-20)। ਪੌਲੁਸ ਦੇ ਹੱਥੀਂ ਮੋਅਜਜ਼ੇ ਹੋਣ ਕਰਕੇ ਖ਼ੁਦਾ ਨੇ ਵਚਨ ਨੂੰ ਵਧਾਇਆ ਅਤੇ ਫ਼ਤਹਿ ਦਵਾਈ (ਆਇਤ 20) ਭਾਵ ਵਚਨ ਦੇ *ਅਸਰ* ਨਾਲ ਬਹੁਤ ਸਾਰੇ ਲੋਕ ਮਸੀਹ ਨੂੰ ਮੰਨਣ ਲੱਗ ਪਏ। ਅਫ਼ਸੁਸ ਦੇ ਲੋਕ ਪੌਲੁਸ ਦੀਆਂ ਗੱਲਾ ਸੁਣਨਾ ਚਾਹੁੰਦੇ ਸਨ ਅਤੇ ਉਸ ਸਿੱਖਿਆ ਨੂੰ ਕਬੂਲ ਕਰਨਾ ਚਾਹੁੰਦੇ ਸਨ ਜੋ ਉਹਨੇ ਦਿੱਤੀ ਸੀ। ਇਨ੍ਹਾਂ ਮੋਅਜਜ਼ਿਆਂ ਨਾਲ ਉਨ੍ਹਾਂ 'ਤੇ ਵਚਨ ਦੀ ਗਵਾਹੀ ਹੋ ਗਈ ਸੀ। ਅਸੀਂ ਵੇਖਦੇ ਹਾਂ ਕਿ ਮੋਅਜਜ਼ੇ ਬੜੇ ਹੀ ਗੁੰਝਲ ਭਰੇ ਢੰਗ ਨਾਲ ਸੱਚਿਆਈ ਦੇ ਮੁਕਾਸ਼ਫ਼ੇ ਨਾਲ ਜੁੜੇ ਹੋਏ ਸਨ।

ਇਨ੍ਹਾਂ ਮੋਅਜਜ਼ਿਆਂ ਦੀ ਹਕੀਕਤ 'ਤੇ ਕਿਸੇ ਨੇ ਸਵਾਲ ਨਹੀਂ ਉਠਾਇਆ, ਕਿਉਂਕਿ ਉਨ੍ਹਾਂ ਦੇ ਨਤੀਜੇ ਸਪੱਸ਼ਟ ਸਨ। ਉਨ੍ਹਾਂ ਤੋਂ ਇਹ ਸਾਬਤ ਹੋਇਆ ਕਿ ਰਸੂਲ ਅਤੇ ਹੋਰ ਲੋਕ ਖ਼ੁਦਾ ਦੇ ਪ੍ਰਭਾਵ ਵਿਚ ਸਨ ਅਤੇ ਇਸ ਕਰਕੇ ਜੋ ਗੱਲਾਂ ਉਹ ਸਿਖਾਉਂਦੇ ਸਨ ਉਹ ਖ਼ੁਦਾ ਵੱਲੋਂ ਹੀ ਸਨ। ਮੋਅਜਜ਼ਿਆਂ ਨਾਲ ਵਚਨ ਦੀ ਤਸਦੀਕ ਹੋਈ ਅਤੇ ਸਿਖਾਉਣ ਵਾਲਿਆਂ ਦੀ ਯਥਾਰਥਤਾ ਦਾ ਪਤਾ ਲੱਗਾ। ਮੋਅਜਜ਼ਿਆਂ ਦੀ ਵਰਤੋਂ ਇਕ ਵਾਰ ਵੀ ਪਾਪਾਂ ਦੀ ਮਾਫ਼ੀ ਦੇਣ ਲਈ ਨਹੀਂ ਹੋਈ ਅਤੇ ਨਾ ਮੋਅਜਜ਼ਿਆਂ ਦੀ ਵਰਤੋਂ ਕਿਸੇ ਨੂੰ ਨਵਾਂ ਜਨਮ ਦਵਾਉਣ ਲਈ ਹੋਈ ਸੀ। ਮੋਅਜਜ਼ਿਆਂ ਰਾਹੀਂ ਤੰਦਰੁਸਤੀ ਪਾਉਣ ਵਾਲਾ ਕੋਈ ਬੰਦਾ ਕਿਤੇ ਮਸੀਹੀ ਨਹੀਂ ਬਣਿਆ।

ਹਰ ਰਸੂਲ ਨੂੰ ਉੱਪਰ ਦੱਸੇ ਸਭ ਨੌਂ ਦਾਨ ਮਿਲੇ ਸਨ ਅਤੇ ਉਹ ਇਹ ਸਭ ਮੋਅਜਜ਼ੇ ਕਰ

ਸਕਦਾ ਸੀ।[2] ਨਾਲੇ ਰਸੂਲ ਦੂਜਿਆਂ 'ਤੇ ਹੱਥ ਰੱਖ ਕੇ ਉਨ੍ਹਾਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਵੀ ਦੇ ਸਕਦੇ ਸਨ (ਰਸੂਲਾਂ ਦੇ ਕੰਮ 18:14-17)। ਹੋਰ ਕੋਈ ਵੀ ਕਿਸੇ ਨੂੰ ਇਹ ਦਾਨ ਅੱਗੇ ਨਹੀਂ ਦੇ ਸਕਦਾ ਸੀ। ਉਦਾਹਰਣ ਲਈ, ਯਰੂਸ਼ਲਮ ਵਿਚ ਰਸੂਲਾਂ ਨੂੰ ਪਤਰਸ ਅਤੇ ਯੂਹੰਨਾ ਨੂੰ ਸਾਮਰੀਆ ਵਿਚ ਇਹ ਦਾਨ ਦੇਣ ਲਈ ਭੇਜਣਾ ਪਿਆ, ਭਾਵੇਂ ਫਿਲਿਪੁੱਸ ਉੱਥੇ ਹੀ ਸੀ। ਫਿਲਿਪੁੱਸ ਮੋਅਜਜ਼ੇ ਕਰ ਸਕਦਾ ਸੀ, ਪਰ ਉਹ ਰਸੂਲ ਨਹੀਂ ਸੀ ਜਿਸ ਕਰਕੇ ਉਹ ਅੱਗੇ ਕਿਸੇ ਨੂੰ ਵੀ ਇਹ ਦਾਨ ਨਹੀਂ ਦੇ ਸਕਦਾ ਸੀ। ਨਵੇਂ ਬਣੇ ਇਕ ਮਸੀਹੀ ਸ਼ਮੌਨ ਨੇ ਜਦ ਵੇਖਿਆ ਕਿ ਰਸੂਲਾਂ ਕੋਲ ਦਾਨ ਦੇਣ ਦੀ ਦਾਤ ਮਿਲੀ ਹੈ, ਤਾਂ ਉਹਨੇ ਉਹ ਅਚਰਜ ਸ਼ਕਤੀ ਉਨ੍ਹਾਂ ਤੋਂ ਖਰੀਦਣੀ ਚਾਹੀ। ਪਤਰਸ ਨੇ ਉਹਨੂੰ ਦੱਸਿਆ ਕਿ ਖ਼ੁਦਾ ਦੇ ਅਜਿਹੇ ਕੰਮਾਂ ਵਿਚ ਉਹਦਾ ਹਿੱਸਾ ਨਹੀਂ ਸੀ (ਕਿਉਂਕਿ ਉਹ ਰਸੂਲ ਨਹੀਂ ਸੀ) ਅਤੇ ਉਹਨੂੰ ਲਾਲਚ ਦੇ ਭੈੜੇ ਸਲੂਕ ਲਈ ਤੌਬਾ ਕਰਨ ਦੀ ਸਲਾਹ ਦਿੱਤੀ (ਰਸੂਲਾਂ ਦੇ ਕੰਮ 8:18-24)।

ਨੌਂ ਦਾਨਾਂ ਦੀ ਸੂਚੀ ਮੁਕਾਸ਼ਫ਼ੇ ਦੇ ਮੁਕੰਮਲ ਹੋਣ ਅਤੇ ਮੁੱਢਲੀਆਂ ਕਲੀਸੀਆਵਾਂ ਦੀ ਸੁਰੱਖਿਆ ਦੀ ਖ਼ੁਦਾ ਦੀ ਯੋਜਨਾ ਦਾ ਸਬੂਤ ਦਿੰਦੀ ਹੈ। ਕਿਸੇ ਰਸੂਲ ਦੀ ਗ਼ੈਰ ਹਾਜ਼ਰੀ ਵਿਚ, ਜਿਵੇਂ ਪੌਲੁਸ ਦੇ ਆਪਣਾ ਸਫ਼ਰ ਜਾਰੀ ਰੱਖਣ 'ਤੇ ਕੁਰਿੰਥੁਸ ਦੀ ਕਲੀਸੀਆ ਵਿਚ ਹੋਇਆ, ਤਾਂ ਜ਼ਰੂਰੀ ਸੀ ਕਿ ਕਲੀਸੀਆ ਨੂੰ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਬਚਾਉਣ ਅਤੇ ਇੰਜੀਲ ਦੀ ਸਿੱਖਿਆ ਦੇਣ ਦੇ ਕੰਮ ਨੂੰ ਜਾਰੀ ਰੱਖਣ ਦੀ ਖ਼ੁਦਾ ਦੀ ਪ੍ਰੇਰਣਾ ਪਾਏ ਕਿਸੇ ਬੰਦੇ ਨੂੰ ਛੱਡਿਆ ਜਾਵੇ। ਅਜੇ ਉਨ੍ਹਾਂ ਕੋਲ ਮੁਕੰਮਲ ਨਵਾਂ ਨੇਮ ਨਹੀਂ ਸੀ।

ਅੱਜ ਕਲੀਸੀਆਵਾਂ ਦੀ ਰਾਖੀ ਅਤੇ ਸੁਧਾਰ ਸਿਰਫ਼ ਲਿਖਤ ਵਚਨ ਦੀ ਵਰਤੋਂ ਨਾਲ ਹੀ ਹੋ ਸਕਦਾ ਹੈ। ਇਹ ਮੁਕੰਮਲ ਹੈ ਅਤੇ ਓਨਾ ਹੀ ਹੈ ਜਿੰਨੀ ਸਾਨੂੰ ਲੋੜ ਹੈ। ਇਹ ਉਹ ਨਿਹਚਾ ਹੈ ''ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ'' (ਯਹੂਦਾਹ 3)। ਪੌਲੁਸ ਦੇ ਵਕਤ ਲਿਖਤ ਵਚਨ ਨਹੀਂ ਸੀ, ਇਸ ਤੋਂ ਪਤਾ ਲਗਦਾ ਹੈ ਕਿ ਆਤਮਾ ਦੇ ਦਾਨਾਂ ਦੀ ਵਰਤੋਂ ਇਨ੍ਹਾਂ ਮੁੱਢਲੀਆਂ ਮੰਡਲੀਆਂ ਦੇ ਸੁਧਾਰ ਅਤੇ ਸੁਰੱਖਿਆ ਲਈ ਹੁੰਦੀ ਸੀ। ਸਾਫ਼ ਹੈ ਕਿ ਮੰਡਲੀਆਂ ਵਿਚ ਛੱਡਿਆ ਗਿਆ ਇਹ ਰਸੂਲ ਇਨ੍ਹਾਂ ਸਭ ਨੌਂ ਦਾਨਾਂ ਦੀ ਵਰਤੋਂ ਇੱਕੋ ਵੇਲੇ ਕਰ ਸਕਦਾ ਸੀ। ਇਹ ਦਾਨ ਸਭ ਮੈਂਬਰਾਂ ਵਿਚ ਵੰਡ ਦਿੱਤੇ ਜਾਂਦੇ ਸਨ (1 ਕੁਰਿੰਥੀਆਂ 12:7, 11)। ਰਸੂਲਾਂ ਦੇ ਇਲਾਵਾ ਕਿਸੇ ਹੋਰ ਨੂੰ ਇਹ ਨੌਂ ਦਾਨ ਨਹੀਂ ਮਿਲੇ ਸਨ ਅਤੇ ਹਰ ਮਸੀਹੀ ਨੂੰ ਮੋਅਜਜ਼ੇ ਕਰਨ ਦਾ ਦਾਨ ਨਹੀਂ ਮਿਲਿਆ ਸੀ (1 ਕੁਰਿੰਥੀਆਂ 12:29, 30)। ਪਰ ਸਭ ਨੌਂ ਦਾਨ, ਯਕੀਨਨ ਹੀ ਹਰ ਕਲੀਸੀਆ ਵਿਚ ਸਨ।

## ਮੋਅਜਜ਼ਿਆਂ ਦਾ ਮਕਸਦ ਪੂਰਾ ਹੋਇਆ

ਖ਼ੁਦਾ ਵੱਲੋਂ ਮੁਕਾਸ਼ਫ਼ੇ ਦੀ ਇਕ ਵਾਰ ਤਸਦੀਕ ਹੋਣ ਦੇ ਬਾਅਦ, ਇਸਦੀ ਦੁਬਾਰਾ ਤਸਦੀਕ ਕਰਨ ਦੀ ਲੋੜ ਨਹੀਂ ਸੀ। ਖ਼ੁਦਾ ਵੱਲੋਂ ਮਿਲੇ ਨਿਸ਼ਾਨਾਂ ਨੇ ਆਪਣਾ ਕੰਮ ਕਰ ਲਿਆ ਸੀ ਯਾਨੀ ਰਸੂਲਾਂ ਦੇ ਵਚਨ ਦੀ ਤਸਦੀਕ ਕੀਤੀ (ਮਰਕੁਸ 16:20)। ਸਿੱਖਿਆ ਭਾਵੇਂ ਜ਼ਬਾਨੀ ਸੀ ਜਾਂ ਲਿਖਤੀ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ; ਇਹ ਉਹੀ ਸੱਚਿਆਈ ਹੈ ਅਤੇ ਇਹਦੀ ਤਸਦੀਕ ਹੋ ਚੁੱਕੀ ਹੈ।

ਕਲੀਸੀਆ ਨੂੰ ਹੁਣ ਹੋਰ ਮੋਅਜਜ਼ਿਆਂ ਦੀ ਲੋੜ ਨਹੀਂ ਹੈ। ਨਿਸ਼ਾਨਾਂ ਦਾ ਮਕਸਦ ਪੂਰਾ ਹੋ ਚੁਕਿਆ ਹੈ ਭਾਵ ਵਚਨ ਪੱਕਾ ਹੋ ਚੁੱਕਾ ਹੈ। ਇਸ ਤਸਦੀਕ ਨੇ ਮੋਅਜਜ਼ੇ ਕਰਨ ਦੀਆਂ

ਯੋਗਤਾਵਾਂ ਨੂੰ ਹੌਲੀ-ਹੌਲੀ ਬੰਦ ਕਰਨ ਵਿਚ ਮਦਦ ਕੀਤੀ। ਜੋ ਲੋਕ ਅੱਜ ਬੋਲੀਆਂ ਬੋਲਣ ਅਤੇ ਮੋਅਜਜ਼ੇ ਕਰਨ ਦਾ ਦਾਅਵਾ ਕਰਦੇ ਹਨ ਉਹ ਬਹੁਤਾ ਕਰਕੇ ਯਿਸੂ ਦੇ ਵਕਤ ਦੇ ਯਹੂਦੀਆਂ ਵਰਗੇ ਹਨ। ਉਹ ਯਹੂਦੀ ਸ਼ਰ੍ਹਾ ਨਾਲ ਚੰਬੜੇ ਰਹਿਣਾ ਚਾਹੁੰਦੇ ਸਨ ਜੋ ਹੁਣ ਪੁਰਾਣੀ ਪੈ ਚੁੱਕੀ ਸੀ (ਇਬਰਾਨੀਆਂ 8:13) ਕਿਉਂਕਿ ਉਹਨੇ ਆਪਣਾ ਮਕਸਦ ਪੂਰਾ ਕਰ ਲਿਆ ਸੀ (ਲੂਕਾ 24:44, 45)। ਓਸੇ ਤਰ੍ਹਾਂ ਮੋਅਜਜ਼ੇ ਕਰਨ ਦਾ ਦਾਅਵਾ ਕਰਨ ਵਾਲੇ ਆਧੁਨਿਕ ਲੋਕ ਅਜਿਹੇ ਸਮੇਂ ਅਤੇ ਉਨ੍ਹਾਂ ਕੰਮਾਂ ਨਾਲ ਚੰਬੜੇ ਰਹਿਣਾ ਚਾਹੁੰਦੇ ਹਨ ਜਿਨ੍ਹਾਂ ਦਾ ਮਕਸਦ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ। 1 ਕੁਰਿੰਥੀਆਂ 13:8-10 ਵਿਚ ਖ਼ੁਦਾ ਵੱਲੋਂ ਮਿਲਣ ਵਾਲੇ ਮੁਕਾਸ਼ਫ਼ਿਆਂ ਦੇ ਮੁਕੰਮਲ ਹੋ ਜਾਣ 'ਤੇ ਪੌਲੁਸ ਨੇ ਵੀ ਭਵਿੱਖਬਾਣੀ ਕੀਤੀ ਸੀ ਕਿ ਮੋਅਜਜ਼ੇ ਬੰਦ ਹੋ ਜਾਣਗੇ।

ਸਿਰਫ਼ ਰਸੂਲ ਹੀ ਮੋਅਜਜ਼ੇ ਕਰਨ ਦਾ ਦਾਨ ਅੱਗੇ ਕਿਸੇ ਨੂੰ ਦੇ ਸਕਦੇ ਸਨ ਅਤੇ ਅੱਜ ਅਜਿਹਾ ਕਰਨ ਲਈ ਕੋਈ ਰਸੂਲ ਮੌਜੂਦ ਨਹੀਂ। ਰਸੂਲਾਂ ਦੇ ਕੰਮ 2 ਅਧਿਆਇ ਅਤੇ ਰਸੂਲਾਂ ਦੇ ਕੰਮ 10 ਅਧਿਆਇ ਵਿਚ ਉਨ੍ਹਾਂ ਦੋ ਮੌਕਿਆਂ ਦਾ ਜ਼ਿਕਰ ਕੀਤਾ ਗਿਆ ਹੈ, ਜਦ ਰਸੂਲਾਂ ਦੇ ਹੱਥ ਰੱਖਣ ਦੇ ਬਗ਼ੈਰ ਆਤਮਾ ਦੇ ਦਾਨ ਸਿੱਧੇ ਤੌਰ 'ਤੇ ਖ਼ੁਦਾ ਵੱਲੋਂ ਮਿਲੇ। ਪਤਰਸ ਨੇ ਇਨ੍ਹਾਂ ਘਟਨਾਵਾਂ ਨੂੰ ''ਉਹੋ ਜਿਹੀ ਦਾਤ'' ਕਿਹਾ (ਰਸੂਲਾਂ ਦੇ ਕੰਮ 11:17); ਦੋਹਾਂ ਦੀ ਘਟਨਾਵਾਂ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਸਮਾਂ ਦੱਸਿਆ ਗਿਆ ਹੈ (ਮੱਤੀ 3:11; ਰਸੂਲਾਂ ਦੇ ਕੰਮ 11:15-17)। ਇਸ ਤਰ੍ਹਾਂ ਦੇ ਬਪਤਿਸਮੇ ਨਾਲ ਉਨ੍ਹਾਂ ਮੌਕਿਆਂ 'ਤੇ ਇਕੱਠੇ ਹੋਏ ਲੋਕਾਂ ਵਿੱਚੋਂ ਕਿਸੇ ਨੂੰ ਵੀ ਉਹਦੇ ਪਾਪਾਂ ਤੋਂ ਛੁਟਕਾਰਾ ਨਹੀਂ ਮਿਲਿਆ, ਨਾ ਹੀ ਕੋਈ ਇਸ ਨਾਲ ਮਸੀਹੀ ਬਣਿਆ। ਪਵਿੱਤਰ ਆਤਮਾ ਦੇ ਬਪਤਿਸਮੇ ਦਾ ਤਾਂ ਮਕਸਦ ਹੀ ਫ਼ਰਕ ਸੀ ਕਿ ਇਸ ਨਾਲ ਰਸੂਲਾਂ ਨੂੰ ਆਪਣਾ ਕੰਮ ਕਰਨ ਲਈ ਸ਼ਕਤੀ ਦੇ ਕੇ ਖ਼ੁਦਾ ਦੀ ਮਰਜ਼ੀ ਪੂਰੀ ਕੀਤੀ ਜਾਵੇ, ਅਤੇ ਯਹੂਦੀਆਂ ਵਿਚ ਇਹ ਸਾਬਤ ਕੀਤਾ ਗਿਆ ਕਿ ਉਨ੍ਹਾਂ ਨੂੰ ਇੱਕੋ ਅਧਾਰ 'ਤੇ ਗ਼ੈਰ ਕੌਮਾ ਨੂੰ ਮਸੀਹ ਵਿਚ ਕਬੂਲ ਕਰ ਲੈਣਾ ਚਾਹੀਦਾ ਹੈ। ਦੋਹਾਂ ਹੀ ਮੌਕਿਆਂ 'ਤੇ ਇਸ ਬਪਤਿਸਮੇ ਦੀ ਵਰਤੋਂ ਯੁਗ ਬਦਲਣ ਨੂੰ ਪ੍ਰਭਾਵਤ ਕਰਨ ਲਈ ਕੀਤੀ ਗਈ ਸੀ।

ਇਸ ਨਾਲ ਤਿੰਨ ਨਿਚੋੜ ਨਿੱਕਲਦੇ ਹਨ ਕਿ ਖ਼ੁਦਾ ਅੱਜ ਮੋਅਜਜ਼ਿਆਂ ਦੀ ਵਰਤੋਂ ਕਿਉਂ ਨਹੀਂ ਕਰ ਰਿਹਾ: (1) ਮੋਅਜਜ਼ਿਆਂ ਦਾ ਮਕਸਦ ਪੂਰਾ ਹੋ ਚੁੱਕਾ ਹੈ। (2) ਮਸੀਹ ਦੀ ਇੰਜੀਲ ਦਾ ਮੁਕਾਸ਼ਫ਼ਾ ਮੁਕੰਮਲ ਹੋਣ 'ਤੇ ਮੋਅਜਜ਼ੇ ਬੰਦ ਹੋ ਜਾਣੇ ਚਾਹੀਦੇ ਸਨ, ਜਿਵੇਂ ਪੌਲੁਸ ਨੇ ਖ਼ੁਦਾ ਦੀ ਪ੍ਰੇਰਣਾ ਨਾਲ ਨਬੂਵਤ ਕੀਤੀ ਸੀ। (3) ਇਨ੍ਹਾਂ ਨੌਂ ਦਾਨਾਂ ਨੂੰ ਪਾਉਣ ਦਾ ਜ਼ਰ੍ਹੀਆ ਹੁਣ ਹੈ ਨਹੀਂ, ਕਿਉਂਕਿ ਸਭ ਰਸੂਲ ਮਰ ਚੁੱਕੇ ਹਨ।

## ਸਾਰ

ਸਿਰਫ਼ ਖ਼ੁਦਾ ਦਾ ਵਚਨ ਹੀ ਪਾਪੀਆਂ ਨੂੰ ਪਾਪ ਦੀ ਗ਼ੁਲਾਮੀ 'ਚੋਂ ਛੁਡਾ ਸਕਦਾ ਹੈ (ਯੂਹੰਨਾ 8:31, 32)। ਰਸੂਲਾਂ ਦੇ ਕੰਮ ਕਿਤਾਬ ਹੀ ਇੱਕੋ ਇਕ ਕਿਤਾਬ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਲੋਕਾਂ ਨੂੰ ਵਚਨ ਕਿਵੇਂ ਦੱਸਿਆ ਗਿਆ, ਕਿਵੇਂ ਖ਼ੁਦਾ ਦੀ ਸ਼ਕਤੀ ਨਾਲ ਉਸ ਵਚਨ ਵਿਚ ਭਰੋਸਾ ਦਵਾਉਣ ਲਈ ਮੋਅਜਜ਼ੇ ਕੀਤੇ ਗਏ ਅਤੇ ਲੋਕ ਉਹ ਸੱਚਿਆਈ ਦੀ ਗੱਲ ਮੰਨ ਕੇ ਖ਼ੁਦਾ ਦੀ ਕਿਰਪਾ ਵਿਚ ਆਏ।

ਟਿੱਪਣੀਆਂ

[1]ਬਾਅਦ ਦੇ ਇਨ੍ਹਾਂ ਲੇਖਾਂ ਵਿਚ 1, 2 ਤਿਮੋਥਿਉਸ; ਤੀਤੁਸ; ਇਬਰਾਨੀਆਂ; 1, 2 ਪਤਰਸ; 1, 2, 3 ਯੂਹੰਨਾ; ਯਹੂਦਾ ਅਤੇ ਪ੍ਰਕਾਸ਼ ਦੀ ਪੋਥੀ ਸ਼ਾਮਲ ਹਨ। [2]ਹਰ ਰਸੂਲ ਨੌਂ ਦਾਨ ਤਾਂ ਮਿਲੇ ਹੀ ਸਨ। ਪੌਲੁਸ ਨੇ ''ਅਸਲੀ ਰਸੂਲ ਦੇ ਨਿਸ਼ਾਨਾਂ ਲਈ'' ਬਹੁਵਚਨ ਯੋਗਤਾਵਾਂ ਦਾ ਜ਼ਿਕਰ ਕੀਤਾ, ਜਿਸ ਤੋਂ ਉਹ ਦੂਜੇ ਰਸੂਲਾਂ ਵਾਂਗ ਹੀ ਸਾਬਤ ਹੋਇਆ (2 ਕੁਰਿੰਥੀਆਂ 12:11, 12)। ਇਹ ਨੌ ਦਾਨ ਕੁਰਿੰਥੁਸ ਵਿਚ ਸਨ (1 ਕੁਰਿੰਥੀਆਂ 12:7-11) ਅਤੇ ਕੁਰਿੰਥੁਸ ਵਿਚ ਰਸੂਲ ਸਿਰਫ਼ ਪੌਲੁਸ ਹੀ ਸੀ ਇਸ ਕਰਕੇ ਕਲੀਸੀਆ ਦੇ ਲੋਕਾਂ ਨੂੰ ਦਾਨ ਇਸ ਰਸੂਲ ਦੇ ਰਾਹੀਂ ਹੀ ਮਿਲੇ ਹੋਣਗੇ।

© 2009 Truth for Today